# ਚੋਰੀ ਹੋਇਆ ਡੰਪ ਟਰੱਕ ਸਾਲ ਭਰ ਬਰੈਂਪਟਨ ਦੀਆਂ ਸੜਕਾਂ ਉੱਤੇ ਅਰਾਮ ਨਾਲ ਚਲਦਾ ਰਿਹਾ



ਬਰੈਂਪਟਨ/ ਬਿਓਰੋ

ਬਰੈਂਪਟਨ ਵਿੱਚ ਹੁਣ ਸੱਭ ਕੁਝ ਸੰਭਵ ਹੈ। ਇਸ ਸ਼ਹਿਰ ਵਿੱਚ ਕੈਨੇਡਾ ਸਰਕਾਰ ਦੇ ਕਥਿਤ ਜੁਵਾਈ ਵੀ ਵੱਸਦੇ ਹਨ ਅਤੇ ਉਹ ਵੀ ਜੋ ਖਰੂਦ ਕਰਕੇ ਫੜੇ ਜਾਣ ਪਿੱਛੋਂ ਪੁਲਿਸ ਅੱਗੇ ਜ਼ੁਰਮਾਨੇ ਦੀਆਂ ਟਿਕਟਾਂ ਲਹਿਰਾ ਕੇ ਪੁਲਿਸ ਨੂੰ ਮਾਮੇ ਦੱਸਦੇ ਹਨ। ਨੌਜਵਾਨ ਧੀਆਂ ਵਾਲੇ ਵੀ ਗੁੰਡਾ ਅੰਸਰ ਤੋਂ ਬਹੁਤ ਦੁਖੀ ਹਨ ਪਰ ਸਰਕਾਰ ਅੱਖਾਂ ਮੀਚੀ ਬੈਠੇ ਹੈ।

ਹੋਰ ਕਰਾਈਮ ਦੇ ਨਾਲ ਨਾਲ ਬਰੈਂਪਟਨ ਵਿੱਚ ਹਰ ਰੋਜ਼ ਟਰੱਕ, ਡੰਪ ਟਰੱਕ ਅਤੇ ਸਮਾਨ ਦੇ ਭਰੇ ਟਰੱਕ ਵੀ ਚੋਰੀ ਹੁੰਦੇ ਹਨ। ਪਤਾ ਲੱਗਾ ਹੈ ਕਿ ਇੱਕ ਸਾਲ ਪਹਿਲਾਂ ਚੋਰੀ ਹੋਇਆ ਡੰਪ ਟਰੱਕ ਸਾਲ ਭਰ ਬਰੈਂਪਟਨ ਦੀਆਂ ਸੜਕਾਂ ਉੱਤੇ ਭੱਜਦਾ ਰਿਹਾ ਅਤੇ ਚੋਰੀ ਦੀ ਰਪੋਰਟ ਦੇ ਬਾਵਜੂਦ ਫੜਿਆ ਨਹੀਂ ਜਾ ਸਕਿਆ। ਹੁਣ ਸਾਲ ਬਾਅਦ ਕਿਸੇ ਗੇੜ ਵਿੱਚ ਆ ਕੇ ਫੜਿਆ ਗਿਆ ਹੈ। ਜਿਸ ਦਾ ਚੋਰੀ ਹੋਇਆ ਸੀ ਉਹ ਵੀ ਪੰਜਾਬੀ ਹੈ ਅਤੇ ਜਿਹਨਾਂ ਤੋਂ ਫੜਿਆ ਗਿਆ ਹੈ ਉਹ ਵੀ ਪੰਜਾਬੀ ਹਨ।

ਪਤਾ ਲੱਗਾ ਹੈ ਕਿ ਦੋ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ। ਵਹੀਕਲ ਇਨਸ਼ੋਰੈਂਸ ਵਧਦੀ ਹੈ ਤਾਂ ਸੱਭ ਨੂੰ ਚੁਭਦੀ ਹੈ। ਪਿਛਲੇ ਦਿਨੀ ਪੀਅਲ ਕਰਾਈਮ ਸਟਾਪਰਜ਼ ਦੇ ਡਰੈਕਟਰ ਮਿਸਟਰ ਹੇਅਰ ਨੇ ਇੱਕ ਪੰਜਾਬੀ ਰੇਡੀਓ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੀਅਲ ਰੀਜਨ ਟਰਾਂਸਪੋਰਟ ਵਹੀਕਲਜ਼ ਅਤੇ ਲੋਡ ਚੋਰੀ ਦੀ ਰਾਜਧਾਨੀ ਬਣ ਗਿਆ ਹੈ। ਪਹਿਲਾਂ ਬਰੈਂਪਟਨ ਦਾ ਨਾਮ ਚੋਰੀਆਂ, ਡਾਕਿਆਂ ਅਤੇ ਕਰਾਈਮ ਵਿੱਚ ਬੋਲਦਾ ਸੀ ਤੇ ਹੁਣ ਵਧ ਰਹੇ ਕੋਰੋਨਾ ਕੇਸਾਂ ਵਿੱਚ ਵੀ ਬੋਲਣ ਲੱਗ ਪਿਆ ਹੈ।

# ਚੀਨ ਦੇ ਵਿਦਿਆਰਥੀਆਂ ਨੂੰ ਬਾਹਰ ਕੱਢ ਸਕਦੈ ਅਮਰੀਕਾ

ਵਾਸ਼ਿੰਗਟਨ/ ਬਿਓਰੋ

ਅਮਰੀਕਾ ਅਤੇ ਚੀਨ ਵਿਚਾਲੇ ਵੱਧ ਰਹੇ ਤਣਾਅ ਕਾਰਨ ਅਮਰੀਕਾ ਵਿਚ ਟਰੰਪ ਸਰਕਾਰ ਹਜ਼ਾਰਾਂ ਚੀਨੀ ਵਿਦਿਆਰਥੀਆਂ ਦਾ ਵੀਜ਼ਾ ਰੱਦ ਕਰਨ ਦੀ ਯੋਜਨਾ ਬਣਾ ਰਿਹਾ ਹੈ। ਹੁਣ ਇਨ੍ਹਾਂ ਵਿਦਿਆਰਥੀਆਂ ਨੂੰ ਅਮਰੀਕਾ ਤੋਂ ਬਾਹਰ ਕੱਢਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਨਿਊਯਾਰਕ ਟਾਈਮਜ਼ ਅਖਬਾਰ ਦੀ ਇਕ ਰਿਪੋਰਟ ਦੇ ਅਨੁਸਾਰ ਪਹਿਲਾ ਚੀਨ ਦੀਆਂ ਕੁਝ ਸ਼੍ਰੇਣੀਆਂ ਦੇ ਵਿਦਿਆਰਥੀਆਂ ਤੇ ਪਾਬੰਦੀ ਲਗਾਈ ਜਾਏਗੀ। ਇਸ ਦੇ ਜਵਾਬ ਵਿਚ ਚੀਨੀ ਸਰਕਾਰ ਵੀ ਇਸੇ ਤਰ੍ਹਾਂ ਦੇ ਕਦਮ ਉਠਾ ਸਕਦੀ ਹੈ। ਚੀਨ ਇਥੇ ਪੜ੍ਹ ਰਹੇ ਅਮਰੀਕੀ ਵਿਦਿਆਰਥੀਆਂ ਦੇ ਵੀਜ਼ਾ ਵੀ ਰੱਦ ਕਰ ਸਕਦਾ ਹੈ ਅਤੇ ਅਮਰੀਕੀ ਵਿਦਿਆਰਥੀਆਂ ਉੱਤੇ ਚੀਨ ਵੱਲੋਂ ਪਾਬੰਦੀ ਲਗਾਈ ਜਾ ਸਕਦੀ ਹੈ।

ਜਿਕਰਯੋਗ ਹੈ ਕਿ ਅਮਰੀਕਾ ਅਤੇ ਚੀਨ ਵਿਚਾਲੇ ਪਹਿਲਾਂ



ਹੀ ਯੁੱਧ ਛਿੜਿਆ ਹੋਇਆ ਹੈ। ਦੋਵੇਂ ਦੇਸ਼ਾਂ ਵਿਚਾਲੇ ਤਕਨਾਲੋਜੀ ਅਤੇ ਮੀਡੀਆ ਦੇ ਆਦਾਨ-ਪ੍ਰਦਾਨ ਵਿਚਾਲੇ ਸੰਬੰਧ ਕਾਫ਼ੀ ਖਰਾਬ ਚੱਲ ਰਹੇ ਹਨ। ਅਮਰੀਕੀ ਅਧਿਕਾਰੀ ਵਿਚਾਰ ਵਟਾਦਰਾ ਕਰ ਰਹੇ ਹਨ ਕਿ ਚੀਨ ਨੂੰ ਕਿਵੇਂ ਸਜ਼ਾ ਦਿੱਤੀ ਜਾਵੇ। ਹਾਂਗਕਾਂਗ ਵਿਚ ਲਾਗੂ ਕੀਤੇ ਗਏ ਨਵੇਂ ਕਾਨੂੰਨ ਕਾਰਨ ਅਮਰੀਕਾ ਚੀਨ ਨਾਲ ਬੁਰੀ ਤਰ੍ਹਾਂ ਨਾਰਾਜ਼ ਹੈ। ਇਸ ਸਮੇਂ ਤਾਂ ਚੀਨ ਦੇ ਵਿਦਿਆਰਥੀਆਂ ਦੇ ਵੀਜ਼ਾ ਰੱਦ ਕਰਨ ਦੀ ਯੋਜਨਾ ਚੱਲ ਰਹੀ ਹੈ।

# ਵਾਲਮਾਰਟ ਜੂਨ ਦੇ ਅਖੀਰ ਤੱਕ ਕੈਨੇਡਾ ਭਰ ਵਿੱਚ ਬੰਦ ਕਰ ਸਕਦੀ ਹੈ ਟਾਇਰ ਅਤੇ ਲਿਊਬ ਐਕਪ੍ਰੈਸ ਆਟੋ ਸਰਵਿਸ

ਟੋਰਾਂਟੋ/ ਬਿਓਰੋ

ਕੈਨੇਡਾ ਵਿੱਚ ਮਸ਼ਹੂਰ ਕੰਪਨੀ ਵਾਲਮਾਰਟ ਜੂਨ ਦੇ ਅਖੀਰ ਤੱਕ ਸਮੁੱਚੇ ਕੈਨੇਡਾ ਭਰ ਵਿੱਚ ਆਪਣੇ 106 ਸਟੋਰਾਂ ਵਿੱਚੋ ਸਾਰੇ ਟਾਇਰ ਅਤੇ ਲਿਊਬ ਐਕਪ੍ਰੈਸ ਆਟੋ ਸਰਵਿਸ ਸੈਂਟਰ ਬੰਦ ਕਰ ਸਕਦੀ ਹੈ।

ਇਸ ਸਬੰਧ ਵਿੱਚ ਗੱਲਬਾਤ ਕਰਦਿਆ ਕੰਪਨੀ ਦੇ ਕਾਰਪੋਰੇਟ ਡਾਇਰੈਟਕਰ ਐਡਮ ਗਰੈਚਨਿਕ ਨੇ ਕਿਹਾ ਕਿ ਟਾਇਰ ਅਤੇ ਲਿਊਬ ਐਕਪ੍ਰੈਸ ਆਟੋ ਸਰਵਿਸ ਸੈਂਟਰ ਬੰਦ ਕਰਨ ਨਾਲ 550 ਮੁਲਾਜ਼ਮਾਂ ਦੇ ਰੁਜ਼ਗਾਰ 'ਤੇ ਮਾੜਾ ਅਸਰ ਪਏਗਾ ਇਸ ਲਈ ਹ ਕੰਪਨੀ ਉਨ੍ਹਾਂ ਮੁਲਾਜ਼ਮਾਂ ਨੂੰ ਹੋਰਨਾਂ ਥਾਵਾਂ 'ਤੇ ਰੁਜ਼ਗਾਰ ਦਿਵਾਉਣ ਲਈ ਵਿਚਾਰ ਕਰ ਰਹੀ ਹੈ।

# ਟੋਰਾਂਟੋ ਦੇ ਮੇਅਰ ਜੌਨ ਟੋਰੀ ਨੇ ਮਾਸਕ ਚੰਗੀ ਤਰ੍ਹਾਂ ਨਾ ਪਹਿਨਣ 'ਤੇ ਮੰਗੀ ਮਾਫ਼ੀ



ਟੋਰਾਂਟੋ/ ਬਿਓਰੋ

ਟੋਰਾਂਟੋ ਦੇ ਮੇਅਰ ਜੌਨ ਟੋਰੀ ਨੇ ਮਾਸਕ ਚੰਗੀ ਤਰ੍ਹਾਂ ਨਾ ਪਹਿਨਣ 'ਤੇ ਮਾਫ਼ੀ ਮੰਗੀ। ਉਨ੍ਹਾ ਨੇ ਟ੍ਰਿਨਿਟੀ ਬੈਲਵੁੱਡਜ਼ ਪਾਰਕ ਦੇ ਦੌਰੇ ਦੌਰਾਨ ਮੂੰਹ 'ਤੇ ਚੰਗੀ ਤਰ੍ਹਾਂ ਮਾਸਕ ਨਹੀਂ ਪਾਇਆ ਸੀ।

ਜਿਕਰਯੋਗ ਹੈ ਕਿ ਟੋਰੀ ਬੀਤੇ ਦਿਨੀ ਟ੍ਰਿਨਿਟੀ ਬੈਲਵੁੱਡਜ਼ ਪਾਰਕ 'ਚ ਗਏ ਸਨ, ਜਿੱਥੇ ਵੱਡੀ ਭੀੜ ਇਕੱਠੀ ਹੋਈ ਸੀ, ਸੂਬਾਈ ਹੁਕਮਾਂ ਤਹਿਤ 5 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਹੈ।

ਇਸ ਦੌਰਾਨ ਸਰੀਰਕ ਦੂਰੀ ਦੇ ਨਿਯਮਾਂ ਦੀ ਵੀ ਉਲੰਘਣਾ ਹੋਈ ਹੈ। ਪਾਰਕ ਵਿੱਚ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਮੇਅਰ ਜੌਨ ਟੋਰੀ ਨੇ ਆਪਣੇ ਮੂੰਹ 'ਤੇ ਮਾਸਕ ਵੀ ਚੰਗੀ ਤਰ੍ਹਾਂ ਨਹੀਂ ਪਾਇਆ ਹੋਇਆ ਸੀ।

ਜਦ ਮੇਅਰ ਦੀਆਂ ਇਹ ਤਸਵੀਰਾਂ ਸੋਸ਼ਲ ਮੀਡੀਆ ਤੇ ਵਾਇਰਲ ਹੋਈਆਂ ਤਾਂ ਇਸ ਦੀ ਚਾਰ-ਚੁਫੇਰਿਓ ਨਿੰਦਾ ਹੋਈ ਜਿਸ ਕਾਰਨ ਉਨ੍ਹਾਂ ਨੇ ਮਾਸਕ ਚੰਗੀ ਤਰ੍ਹਾਂ ਨਾ ਪਹਿਨਣ 'ਤੇ ਮੁਆਫ਼ੀ ਮੰਗ ਲਈ ਹੈ।

TANGRI INSURANCE & Financial Group Inc. 905-896-1576

SURINDER TOOR

A Lifetime commitment
.... to you

7370 Bramalea Rd. Unit #17
Mississauga Ontario L5S 1N6

Bus. 905-896-1576
E-mail: surindertoor129@gmail.com
Tel: (905) 405-1200
Fax:(905) 405 1299

ਤੁਸੀ ਕੈਨੇਡਾ ਆਉਣ ਤੋਂ ਪਹਿਲਾ ਹੀ ਫੋਨ ਰਾਹੀਂ ਵੀ ਇੰਨਸੋਰੈਂਸ ਕਰਵਾ ਸਕਦੇ ਹੋ।

TANGRI INSURANCE & Financial Group can serve your needs in the following areas:

* Retirement & Estate Planing * Seg. Funds * Group Plans * Life Insurance
* Health & Dental * Executive Compensation Plan * Mortagage Insurance * RRSP 'S
* Registred Education Saving Plan * Visitor Medical Insurance * Disability